# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ

E-Mail. id :deosebathinda@punjabeducation.gov.in

ਵੱਲ

ਖ਼ਾਸ ਪੱਤਰ ਨੰ: 2

ਸਮੂਹ ਸਕੂਲ ਮੁੱਖੀ
ਸਸਸਸ/ਸਹਸ/ਸਮਿਸ
ਜਿਲ੍ਹਾ ਬਠਿੰਡਾ ।

ਪੱਤਰ ਨੰ:ਜੀ-1/1 ( ) 2023 / 5088
ਮਿਤੀ : 20/09/2023

ਵਿਸ਼ਾ : ਜਿਲ੍ਹੇ ਦੇ ਸਮੂਹ ਸਕੂਲ ਮੁੱਖੀਆਂ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ ਘੋਸ਼ਣਾ ਪੱਤਰ ਪ੍ਰਾਪਤ ਕਰਨ ਸਬੰਧੀ ।

ਹਵਾਲਾ : ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫਤਰ ਦੇ ਪੱਤਰ ਨੰ : 7816-7928/ਡੀਏ/422-ਡੀ.3 ਮਿਤੀ:08/09/2023 ਦੇ ਹੁਕਮਾਂ ਦੀ ਪਾਲਣਾ ਸਬੰਧ ਵਿਚ ।

ਉਪਰੋਕਤ ਵਿਸ਼ਾ ਹਵਾਲਾ ਅੰਕਿਤ ਦੇ ਸਬੰਧ ਵਿਚ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਰਾਹੀਂ **ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਬਾਰੇ** ਸਵੈ ਘੋਸ਼ਣਾ ਸਬੰਧੀ ਪ੍ਰੋਫਾਰਮਾ ਇਸ ਦਫਤਰ ਨੂੰ ਪ੍ਰਾਪਤ ਹੋਇਆ ਹੈ । ਜੋ ਉਕਤ ਪ੍ਰੋਫਾਰਮੇ ਨੂੰ ਸਮੂਹ ਸਕੂਲਾਂ ਦੇ ਮੁੱਖੀਆਂ ਅਤੇ ਸਟਾਫ ਵੱਲੋਂ ਭਰਿਆ ਜਾਣਾ ਹੈ । ਜਿਸ ਸਬੰਧੀ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਵੈ ਘੋਸ਼ਣਾ ਦਾ ਪ੍ਰੋਫਾਰਮਾ ਭਰਕੇ ਜਲਦ ਤੋਂ ਜਲਦ ਇਸ ਦਫਤਰ ਵਿਖੇ **ਦਸਤੀ ( Hard copy )** ਤੌਰ ਤੇ ਜਮ੍ਹਾਂ ਕਰਵਾਇਆ ਜਾਵੇ ਤਾਂ ਜੋ ਇਸ ਦੀ ਸੂਚਨਾ ਮੁੱਖ ਖੇਤੀਬਾੜੀ ਦਫਤਰ ਨੂੰ ਭੇਜੀ ਜਾ ਸਕੇ । ਸਵੈ ਘੋਸ਼ਣਾ ਦਾ ਪ੍ਰੋਫਾਰਮਾ **ਮਿਤੀ : 20/09/2023 ਨੂੰ ਦੁਪਹਿਰ 2:00 ਵਜ਼ੇ ਤੱਕ** ਜਮ੍ਹਾ ਕਰਵਾਉਣਾ ਯਕੀਨੀ ਬਣਾਇਆ ਜਾਵੇ। ਸਵੈ ਘੋਸ਼ਣਾ ਦਾ ਪ੍ਰੋਫਾਰਮਾ ਜਮ੍ਹਾਂ ਕਰਵਾਉਣ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ । ਜੇਕਰ ਸਵੈ ਘੋਸ਼ਣਾ ਦਾ ਪ੍ਰੋਫਾਰਮਾ ਨਿਸ਼ਚਿਤ **ਮਿਤੀ:20/09/2023** ਤੱਕ ਜਮ੍ਹਾਂ ਨਾ ਕਰਵਾਇਆ ਗਿਆ ਤਾਂ ਸਬੰਧਤ ਸਕੂਲ ਦੀ ਸੂਚਨਾ ਨਿਲ ਸਮਝੀ ਜਾਵੇਗੀ ।

**ਨੱਥੀ : ਸਵੈ ਘੋਸ਼ਣਾ ਦਾ ਪ੍ਰੋਫਾਰਮਾ ।**

20/9/23

ਜਿਲ੍ਹਾ ਸਿੱਖਿਆ ਅਫਸਰ (ਸੈ. ਸਿ)
ਬਠਿੰਡਾ